بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਚਾਚਾ, ਬਦਰੀ ਸਹਾਬੀ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੋ ਦੇ ਸੱਦਗੁਣਾਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 30 ਦਸੰਬਰ 2022 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَ اِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦ, ਤਾਉਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ

ਹਜ਼ਰਤ ਅਬੂ ਬਕਰ ਸਦੀਕ ਰਜ਼ੀ ਅੱਲਾਹ ਅੰਨਹੋ ਦੇ ਜ਼ਿਕਰ ਦੇ ਅੰਤ'ਤੇ ਮੈਂ ਦਸਿੱਆ ਸੀ ਕਿ ਬਦਰੀ ਸਹਾਬਾ ਦਾ ਜ਼ਿਕਰ ਹੁਣ ਖਤਮ ਹੋ ਗਿਆ। ਪਰ ਕੁੱਝ ਸਹਾਬਾ ਜਿਨ੍ਹਾਂ ਦਾ ਪਹਿਲਾਂ ਜ਼ਿਕਰ ਹੋ ਚੁੱਕਿਆ ਸੀ। ਉਨ੍ਹਾਂ ਬਾਰੇ ਕੁੱਝ ਗੱਲ੍ਹਾਂ ਬਾਦ'ਚ ਸਾਮ੍ਹਣੇ ਆਇਆਂ ਹਨ। ਕਿਸੇ ਹੋਰ ਸਮੇਂ ਉਹ ਬਿਆਨ ਕਰਾਂਗਾ ਜਾਂ ਜੱਦ ਉਹ ਪ੍ਰਕਾਸ਼ਤ ਹੋਵੇਗਾ ਤਾਂ ਉਨ੍ਹਾਂ'ਚ ਇਹ ਗੱਲ੍ਹਾਂ ਆ ਜਾਣਗੀਆਂ। ਕੁੱਝ ਲੋਕ ਲਿੱਖ ਰਹੇ ਹਨ ਕਿ ਸਾਨੂੰ ਇਸ ਇਤਿਹਾਸ ਨੂੰ ਸੁਣ ਕੇ ਬਹੁਤ ਲਾਭ ਹੋਇਆ ਹੈ। ਇਸੇ ਲਈ ਮੈਂ ਮੁਨਾਸਿਬ ਸਮਝਿਆ ਕਿ ਇਹ ਭਾਗ ਵੀ ਖ਼ੁਤਬੇ'ਚ ਬਿਆਨ ਹੋ ਜਾਵੇ।

ਇਸ ਲੜ੍ਹੀ'ਚ ਪਹਿਲਾ ਜ਼ਿਕਰ ਹਜ਼ਰਤ ਹਮਜ਼ਾ ਦਾ ਹੈ। ਆਪ ਰਜ਼ੀ ਅੱਲਾਹ ਅੰਨਹੋ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਚਾਚਾ ਸਨ ਅਤੇ ਆਪ ਸੱਲਲਾਹੋ ਅਲੈਹਿ ਵਸਲੱਮ ਨੂੰ ਬਹੁਤ ਪਿਆਰੇ ਸਨ। ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਨੂੰ ਹਮਜ਼ਾ ਨਾਂ ਵੀ ਬਹੁਤ ਪਸੰਦ ਸੀ।

ਹਜ਼ੂਰ ਅਨਵਰ ਨੇ ਹਜ਼ਰਤ ਹਮਜ਼ਾ ਦੀ ਪਤਨੀਆਂ ਅਤੇ ਉਨ੍ਹਾਂ'ਤੋਂ ਹੋਣ ਵਾਲੇ ਬੱਚਿਆਂ ਬਾਰੇ ਸੰਖੇਪ ਵਿਵਰਨ ਦੇਣ ਪਿੱਛੋਂ ਫ਼ਰਮਾਇਆ ਕਿ ਹਜ਼ਰਤ ਹਮਜ਼ਾ ਦੇ ਇਸਲਾਮ ਕਬੂਲ ਕਰਨ ਬਾਰੇ ਹੈ ਕਿ ਜਦੋਂ ਆਪ ਰਜ਼ੀ ਅੱਲਾਹ ਅੰਨਹੋ ਨੇ ਗੁੱਸੇ'ਚ ਇਹ ਕਿਹਾ ਕਿ ਹਾਂ ! ਮੈਂ ਮੁੰਹਮਦ ਦੇ ਦੀਨ'ਤੇ ਹਾਂ ਤਾਂ ਆਪ ਰਜ਼ੀ ਅੱਲਾਹ ਅੰਨਹੋ ਕਹਿੰਦੇ ਹਨ ਕਿ ਬਾਦ'ਚ ਮੈਨੂੰ ਨਮੂਸ਼ੀ ਹੋਈ ਕਿ ਮੈਂ ਆਪਣੇ ਬਗੁਰਗਾਂ ਦੇ ਦੀਨ ਨੂੰ ਛੱਡ'ਤਾ ਮੈਂ ਰਾਤੀ ਸੁੱਤਾ ਨਹੀਂ। ਫ਼ਿਰ ਮੈਂ ਖ਼ਾਨਾ ਕਾਆਬਾ ਕੋਲ੍ਹ ਆਇਆ ਅਤੇ ਰੱਬ ਦੇ ਹਜ਼ੂਰ ਅਰਜ਼ੂਈ ਕੀਤੀ ਕਿ ਹੇ ਮੇਰੇ ਰੱਬ ! ਮੇਰੇ ਸੀਨੇ ਨੂੰ ਹੱਕ ਲਈ ਖੋਲ੍ਹ ਦੇ ਅਤੇ ਸ਼ੱਕਾਂ-ਸ਼ੰਕਾਵਾਂ ਨੂੰ ਦੂਰ ਕਰਦੇ। ਮੈਂ ਹਾਲੇ ਅਰਦਾਸ ਖਤਮ ਵੀ ਨਹੀਂ ਕੀਤੀ ਸੀ ਕਿ ਅੰਧਕਾਰ ਮੈਥੋਂ ਦੂਰ ਹੋ ਗਿਆ। ਮਗਰੋਂ ਹੀ ਮੈਂ ਹਜ਼ੂਰ ਸੱਲਲਾਹੋ ਅਲੈਹਿ

ਵਸਲੱਮ ਦੀ ਸੇਵਾ'ਚ ਹਾਜ਼ਰ ਹੋਇਆ ਅਤੇ ਆਪਣੀ ਸਾਰੀ ਹਾਲਤ ਬਿਆਨ ਕਰ'ਤੀ। ਇਸ'ਤੇ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਮੇਰੇ ਹੱਕ'ਚ ਪੱਕੇ ਪੈਰੀਂ ਹੋਣ ਦੀ ਅਰਦਾਸ ਕੀਤੀ। ਇੱਕ ਰਵਾਯਤ ਅਨੁਸਾਰ ਹਜ਼ਰਤ ਹਮਜ਼ਾ ਨੇ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਤੋਂ ਬੇਨਤੀ ਕੀਤੀ ਕਿ ਮੈਨੂੰ ਹਜ਼ਰਤ ਜਿਬਰਾਈਲ ਅਲੈਹਿ ਸਲਾਮ ਉਨ੍ਹਾਂ ਦੀ ਅਸਲ ਸ਼ਕਲ'ਚ ਵਿਖਾਣ। ਉਸ'ਤੇ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਤੁਸੀਂ ਉਨ੍ਹਾਂ ਨੂੰ ਵੇਖਣ ਦੀ ਸ਼ਕਤੀ ਨਹੀਂ ਰੱਖਦੇ। ਉਨ੍ਹਾਂ ਦੇ ਜ਼ੋਰ ਦੇਣ'ਤੇ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਆਪਣੀ ਥਾਂ'ਤੇ ਬਹਿ ਜਾਓ। ਰਾਵੀ ਕਹਿੰਦੇ ਹਨ ਕਿ ਫ਼ਿਰ ਹਜ਼ਰਤ ਜਿਬਰਾਈਲ ਅਲੈਹਿ ਸਲਾਮ ਖ਼ਾਨਾ ਕਾਅਬਾ ਦੀ ਉਸ ਲੱਕੜ੍ਹ'ਤੇ ਉੱਤਰ ਆਏ। ਜਿਸ'ਤੇ ਦਵੈਤਵਾਦੀ ਤਵਾਫ਼ ਸਮੇਂ ਆਪਣੇ ਕਪੜ੍ਹੇ ਪਾਇਆ ਕਰਦੇ ਸਨ। ਫ਼ਿਰ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਆਪਣੀ ਨਿਗਾਹ ਚੁੱਕੋ। ਜਦੋਂ ਉਨ੍ਹਾਂ ਨੇ ਨਜ਼ਰ ਚੁੱਕੀ ਤਾਂ ਵੇਖਿਆ ਕਿ ਜਿਬਰਾਈਲ ਅਲੈਹਿ ਸਲਾਮ ਦੇ ਦੋਵੇਂ ਪੈਰ ਇੱਕ ਕੀਮਤੀ ਹਰੇ ਪੱਥਰ **ਜ਼ਬਰਜੱਦ** ਵਾਂਗ ਹਨ। ਫ਼ਿਰ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਬੇਹੋਸ਼ ਹੋ ਕੇ ਡਿੱਗ ਪਏ।

ਸਫ਼ਰ 02 ਹਿਜਰੀ'ਚ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਵਿੱਦਾਨ ਦੀ ਜੰਗ ਲਈ ਮੁਹਾਜਿਰਾਂ ਦੀ ਇੱਕ ਜਮਾਅਤ ਨਾਲ ਨਿਕਲੇ ਤਾਂ ਇਸਲਾਮ ਦਾ ਝੰਡਾ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੋ ਦੇ ਹੱਥ'ਚ ਸੀ। ਜਮਾਦੀ ਅੱਲ-ਊਲਾ 02 ਹਿਜਰੀ'ਚ ਫ਼ਿਰ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਕੁਰੈਸ਼ੇ ਮੱਕਾ ਵੱਲੋਂ ਕੋਈ ਖ਼ਬਰ ਪਾ ਕੇ ਮੁਹਾਜਿਰਾਂ ਦੇ ਡੇਢ ਸੋ ਤੋਂ ਦੋ ਸੋ ਲੋਕਾਂ ਨਾਲ ਜੰਗ ਲਈ ਨਿਕਲੇ ਤਾਂ ਇੱਕ ਵਾਰ ਫ਼ਿਰ ਇਸਲਾਮ ਦਾ ਝੰਡਾ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੋ ਦੇ ਹੱਥ'ਚ ਸੀ। ਜੰਗੇ ਬਦਰ'ਚ ਕੁਰੈਸ਼'ਚੋਂ ਅਤਬਾ ਆਪਣੇ ਭਰਾ ਸ਼ੀਬਾ ਅਤੇ ਆਪਣੇ ਪੁੱਤਰ ਵਲੀਦ ਨੂੰ ਨਾਲ ਲੈ ਕੇ ਲਸ਼ਕਰ ਤੋਂ ਅੱਗੇ ਵੱਧਿਆ ਅਤੇ ਅਰਬ ਦੇ ਪੁਰਾਣੇ ਤਰੀਕ ਅਨੁਸਾਰ 'ਕੱਲ੍ਹੀ ਲੜ੍ਹਾਈ ਲਈ ਲਲਕਾਰ ਮਾਰੀ। ਅਨਸਾਰ ਉਨ੍ਹਾਂ ਦੇ ਮੁਕਾਬਲਾ ਲਈ ਅੱਗੇ ਵੱਧੇ ਤਾਂ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੇ ਉਨ੍ਹਾਂ ਨੂੰ ਰੋਕਦੇ ਹੋਏ ਹਜ਼ਰਤ ਅਲੀ, ਹਜ਼ਰਤ ਹਮਜ਼ਾ ਅਤੇ ਹਜ਼ਰਤ ਉਬੇਦਾ ਬਿਨ ਮੁਤਲਿਬ ਰਜ਼ੀ ਅੱਲਾਹ ਅੰਨਹੋ ਨੂੰ ਅੱਗੇ ਵੱਧਣ ਦਾ ਆਦੇਸ਼ ਦਿੱਤਾ। ਇਹ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਨੇੜ੍ਹਲੇ ਰਿਸ਼ਤੇਦਾਰ ਸਨ ਅਤੇ ਆਪ ਸੱਲਲਾਹੋ ਅਲੈਹਿ ਵਸਲੱਮ ਇਹੀ ਚਾਹੁੰਦੇ ਸਨ ਕਿ ਹਰ ਖ਼ਤਰੇ ਸਮੇਂ ਆਪ ਸੱਲਲਾਹੋ ਅਲੈਹਿ ਵਸਲੱਮ ਦੇ ਰਿਸ਼ਤੇਦਾਰ ਸਭ ਤੋਂ ਅੱਗੇ ਹੋਣ। ਹਜ਼ਰਤ ਹਮਜਾ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨੇ ਤਾਂ ਆਪਣੇ ਮੁਕਾਬਲੇ ਦੇ ਬੰਦੇ ਨੂੰ ਇੱਕ ਦੋ ਵਾਰ'ਚ ਹੀ ਖਾਕ'ਚ ਮਿਲਾ'ਤਾ। ਪਰ ਉਬੇਦਾ ਅਤੇ ਵਲੀਦ'ਚ ਕੁੱਝ ਚੰਗੇ ਹਮਲੇ ਹੋਏ ਅਤੇ ਅੰਤ'ਚ ਦੋਵੇਂ ਇੱਕ ਦੂਜੇ ਦੇ ਹੱਥੋਂ ਡੂੰਗੇ ਜ਼ਖਮ ਖਾ ਕੇ ਡਿੱਗੇ। ਜਿਸ'ਤੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੋ

ਨੇ ਵਲੀਦ ਦਾ ਤਾਂ ਛੇਤੀ ਨਾਲ ਖਾਤਮਾ ਕਰ'ਤਾ ਅਤੇ ਉਬੇਦ ਨੂੰ ਚੁੱਕ ਕੇ ਆਪਣੇ ਕੈਂਪ'ਚ ਲੈ ਆਏ। ਪਰ ਉਬੇਦਾ ਇਸ ਸਦਮੇ ਤੋਂ ਬੱਚ ਨ ਸਕੇ ਅਤੇ ਬਦਰ ਤੋਂ ਵਾਪਸੀ ਸਮੇਂ ਰਾਹ'ਚ ਆਕਾਲ ਚਲਾਣਾ ਕਰ ਗਏ

ਸ਼ਰਾਬ ਹਰਾਮ ਹੋਣ'ਤੋਂ ਪਹਿਲਾਂ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੋ ਨੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਦੀ ਊਂਠਨੀਆਂ ਨੂੰ ਨਸ਼ੇ ਦੀ ਹਾਲਤ'ਚ ਬਹੁਤ ਬੇਰਹਿਮੀ ਨਾਲ ਮਾਰ'ਤਾ। ਜਦੋਂ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨੂੰ ਇਹ ਪਤਾ ਲੱਗਿਆ ਤਾਂ ਆਪ ਰਜ਼ੀ ਅੱਲਾਹ ਅੰਨਹੋ ਨੂੰ ਬਹੁਤ ਦੁਖੱ ਹੋਇਆ ਅਤੇ ਆਪ ਰਜ਼ੀ ਅੱਲਾਹ ਅੰਨਹੋ, ਆਂਹਜ਼ਰਤ ਸੱਲਲਾਹੋ ਅਲੇਹਿ ਵਸਲੱਮ ਦੀ ਸੇਵਾ'ਚ ਹਾਜ਼ਰ ਹੋਏ ਅਤੇ ਸਾਰਾ ਕਿੱਸਾ ਬਿਆਨ ਕੀਤਾ। ਆਂਹਜ਼ਰਤ ਸੱਲਲਾਹੋ ਅਲੇਹਿ ਵਸਲੱਮ ਇਹ ਸਭ ਗੱਲ੍ਹ ਸੁਣ ਕੇ ਮੌਕੇ'ਤੇ ਆਏ ਅਤੇ ਨਾਰਾਜ਼ਗੀ ਪ੍ਰਕਟ ਕੀਤੀ। ਹਜ਼ਰਤ ਹਮਜ਼ਾ ਰਜ਼ੀ ਅੱਲਾਹ ਉਸ ਸਮੇਂ ਵੀ ਨਸ਼ੇ ਦੀ ਹਾਲਤ'ਚ ਸਨ। ਸੋ ਉਨ੍ਹਾਂ ਸਾਰੀਆਂ ਨੂੰ ਵੇਖ ਕੇ ਕਹਿਣ ਲੱਗੇ ਕਿ ਤੁਸੀਂ ਸਾਰੇ ਮੇਰੇ ਬਾਪ ਦਾਦਾ ਦੇ ਗੁਲਾਮ ਹੋ। ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਪੁੱਠੇ ਪੈਰ੍ਹੀ ਵਾਪਸ ਚਲ੍ਹੇ ਗਏ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜਦੋਂ ਸ਼ਰਾਬ ਹਰਾਮ ਹੋ ਗਈ ਤਾਂ ਫ਼ਿਰ ਸਹਾਬਾ ਰਜ਼ੀ ਅੱਲਾਹ ਅੰਨਹੁਮਾ ਸ਼ਰਾਬ ਦੇ ਨੇੜ੍ਹੇ ਵੀ ਨ ਗਏ ਇਹ ਪੱਧਰ ਸਨ ਉਨ੍ਹਾਂ ਸਹਾਬੀਆਂ ਦੇ।

ਗਜ਼ਵਾ ਬਨੂ ਕੇਨਕਆ'ਚ ਵੀ ਹਜ਼ਰਤ ਹਮਜ਼ਾ ਅੱਗੇ ਅੱਗੇ ਸਨ ਅਤੇ ਇਸ ਗਜ਼ਵੇ'ਚ ਵੀ ਇਸਲਾਮ ਦਾ ਝੰਡਾ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੋ ਦੇ ਹੱਥਾਂ'ਚ ਸੀ। ਬਨੂ ਕੇਨਕਆ ਮਦੀਨੇ ਦੇ ਯਹੂਦੀਆਂ'ਚੋਂ ਉਹ ਕਬੀਲਾ ਸੀ ਕਿ ਜਿਸ ਨੇ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਨਾਲ ਹੋਣ ਵਾਲੇ ਸਮਝੋਤੇ ਨੂੰ ਸਭ ਤੋਂ ਪਹਿਲਾਂ ਤੋੜ੍ਹਿਆ। ਜੰਗੇ ਬਦਰ ਮਗਰੋਂ ਤਾਂ ਉਨ੍ਹਾਂ ਨੇ ਬਗ਼ਾਵਤ ਸ਼ੁਰੂ ਕਰ'ਤੀ ਅਤੇ ਬਦਲੇ ਤੇ ਦੁਸ਼ਮਨੀ ਦਾ ਪ੍ਰਕਟਾਵਾ ਕਰਦੇ ਹੋਏ ਸਮਝੋਤਾ ਤੋੜ੍ਹ'ਤਾ। ਇੱਕ ਮੁਸਲਿਮ ਔਰਤ ਬਾਜ਼ਾਰ'ਚ ਕਿਸੇ ਯਹੂਦੀ ਦੀ ਦੁਕਾਨ'ਤੇ ਸਮਾਨ ਲੈਣ ਗਈ। ਤਾਂ ਕੁੱਝ ਬਦਮਾਸ਼ ਯਹੂਦੀ ਨੌਜਵਾਨਾਂ ਨੇ ਬਦਮਾਸ਼ੀ ਨਾਲ ਉਸ ਨੂੰ ਬਹੁਤ ਗੰਦੇ ਢੰਗੇ ਨਾਲ ਸੱਦਿਆ। ਦੁਕਾਨਦਾਰ ਨੇ ਆਪ ਇਹ ਸ਼ਰਾਰਤ ਕੀਤੀ ਕਿ ਉਸ ਔਰਤ ਦੇ ਕਪੜ੍ਹੀਆਂ ਦੇ ਹੇਠਲੇ ਕੋਨੇ ਨੂੰ ਉਸ ਦੀ ਨਜ਼ਰ ਤੋਂ ਬਚਾ ਕੇ ਕਿਸੇ ਕੰਡੇ ਨਾਲ ਉਸ ਦੀ ਪੀਠ ਦੇ ਕਪੜ੍ਹੇ ਨਾਲ ਟੰਗ'ਤਾ। ਸੋ ਉਹ ਔਰਤ ਵਾਪਸ ਮੁੜ੍ਹੀ ਤਾਂ ਨੰਗੀ ਹੋ ਗਈ। ਇਸ'ਤੇ ਉਹ ਯਹੂਦੀ ਦੰਦ ਕੱਡ ਕੇ ਹੰਸਣ ਲੱਗੇ। ਮੁਸਲਮਾਨ ਔਰਤ ਨੇ ਸ਼ਰਮ ਨਾਲ ਇੱਕ ਚੀਕ ਮਾਰੀ ਅਤੇ ਮਦਦ ਲਈ ਸੱਦਿਆ। ਸੰਯੋਗ ਨਾਲ ਉੱਥੇ ਇੱਕ ਮੁਸਲਮਾਨ ਮੌਜੂਦ ਸੀ। ਉਹ ਕਾਹਲੀ ਨਾਲ ਉੱਥੇ ਪਹੁੰਚਿਆ ਅਤੇ ਆਪਸੀ ਲੜ੍ਹਾਈ'ਚ ਯਹੂਦੀ ਦੁਕਾਨਦਾਰ ਮਾਰਿਆ ਗਿਆ। ਇਸ'ਤੇ ਉਸ ਮੁਸਲਮਾਨ'ਤੇ ਚੋਵਾਂ ਪਾਸਿਓਂ ਤਲਵਾਰਾਂ ਬਰਸ ਗਈਆਂ ਅਤੇ ਗੈਰਤਮੰਦ ਮੁਸਲਮਾਨ ਉੱਥੇ ਹੀ ਸ਼ਹੀਦ ਹੋ ਗਿਆ। ਇਸ ਹਾਦਸੇ ਨਾਲ ਮੁਸਲਮਾਨਾਂ ਅਤੇ ਯਹੂਦੀਆਂ'ਚ ਇੱਕ ਲੜ੍ਹਾਈ ਛਿੱਡ ਗਈ। ਜਦੋਂ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੂੰ ਇਸ ਹਾਦਸੇ ਦੀ ਖਬਰ ਹੋਈ ਤਾਂ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਬਨੂ ਕੇਨਕਆ ਦੇ ਸਰਦਾਰਾਂ ਨੂੰ ਸੱਦਿਆ ਉਨ੍ਹਾਂ

ਨੂੰ ਕਿਹਾ ਕਿ ਇਹ ਤਰੀਕ ਚੰਗਾ ਨਹੀਂ ਹੈ। ਤੁਸੀਂ ਮੁੜ੍ਹ ਜਾਓ ਅਤੇ ਰੱਬ ਤੋਂ ਡਰੋਂ। ਇਸ'ਤੇ ਬਨੂ ਕੇਨਕਆ ਦੇ ਸਰਦਾਰਾਂ ਨੇ ਅਫਸੋਸ ਪ੍ਰਕਟ ਕਰਨ ਦੀ ਥਾਂ ਅੜ੍ਹਿਅਲਾਂ ਵਾਲੇ ਜਵਾਬ ਦਿੱਤੇ ਅਤੇ ਕਿਹਾ ਕਿ ਬਦਰ ਦੀ ਜਿੱਤ'ਤੇ ਗ਼ਰੂਰ ਨ ਕਰੋ। ਜਦੋਂ ਸਾਡੇ ਨਾਲ ਮੁਕਾਬਲਾ ਹੋਵੇਗਾ ਤਾਂ ਪਤਾ ਲੱਗ ਜਾਵੇਗਾ ਕਿ ਲੜ੍ਹਣ ਵਾਲੇ ਕਿਹੋ ਜਿਹੇ ਹੁੰਦੇ ਹਨ। ਲਾਚਾਰ ਆਪ ਸੱਲਲਾਹੋ ਅਲੈਹਿ ਵਸਲੱਮ ਸਹਾਬੀਆਂ ਦੀ ਇੱਕ ਜਮਾਅਤ ਨਾਲ ਬਨੂ ਕੇਨਕਆ ਦੇ ਕਿੱਲ੍ਹਿਆ ਵੱਲ੍ਹ ਵੱਧੇ। ਬਨੂ ਕੇਨਕਆ ਵੀ ਛੇਤੀ ਨਾਲ ਜੰਗ ਲਈ ਤਿਆਰ ਹੋ ਗਏ ਅਤੇ ਕਿਲ੍ਹਾ ਬੰਦ ਕਰਕੇ ਬਹਿ ਗਏ। ਮੁਸਲਮਾਨਾਂ ਨੇ ਬਨੂ ਕੇਨਕਆ ਦੇ ਕਿਲ੍ਹਿਆਂ ਨੂੰ ਘੇਰਾ ਪਾ ਲਿਆ। ਪੰਦਰ੍ਹਾਂ ਦਿਨ੍ਹਾਂ ਤੱਕ ਘੇਰਾ ਕਾਯਮ ਰਿਹਾ। ਅੰਤ'ਚ ਜਦੋਂ ਬਨੂ ਕੇਨਕਆ ਦਾ ਸਾਰਾ ਜ਼ੋਰ ਅਤੇ ਗ਼ਰੂਰ ਟੁੱਟ ਗਿਆ। ਤਾਂ ਉਨ੍ਹਾਂ ਨੇ ਇਸ ਸ਼ਰਤ'ਤੇ ਕਿਲ੍ਹੇ ਦੇ ਬੂਹੇ ਖੋਲ੍ਹ'ਤੇ ਕਿ ਉਨ੍ਹਾਂ ਦੇ ਮਾਲ ਮੁਸਲਮਾਨਾਂ ਦੇ ਹੋ ਜਾਣਗੇ ਪਰ ਉਨ੍ਹਾਂ ਦੀ ਜਾਨ ਅਤੇ ਪਰਿਵਾਰ'ਤੇ ਮੁਸਲਮਾਨਾਂ ਦਾ ਕੋਈ ਹੱਕ ਨਹੀਂ ਹੋਵੇਗਾ। ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੇ ਇਸ ਸ਼ਰਤ ਨੂੰ ਮੰਨ ਲਿਆ। ਮੂਸਵੀ ਸ਼ਰੀਅਤ ਅਨੁਸਾਰ ਤਾਂ ਇਹ ਕਤਲ ਕਰਨ ਯੋਗ ਸਨ। ਪਰ ਇੱਕ ਤਾਂ ਇਹ ਉਸ ਕੌਮ ਦਾ ਪਹਿਲਾ ਜੁਰਮ ਸੀ ਅਤੇ ਦੂਜਾ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦਾ ਕਿਰਪਾਲੂ ਸੁਭਾ ਇਲਾਜ ਦੇ ਅੰਤਿਮ ਤਰੀਕ ਸਜ਼ਾ ਵੱਲ੍ਹ ਆਰੰਭ'ਚ ਨਹੀਂ ਜਾ ਸਕਦਾ ਸੀ। ਪਰ ਇਸ ਕਬੀਲੇ ਦਾ ਮਦੀਨੇ'ਚ ਰਹਿਣਾ ਖਤਰੇ ਤੋਂ ਖਾਲੀ ਨਹੀਂ ਸੀ। ਸੋ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਬਨੂ ਕੇਨਕਆ ਲਈ ਇਹੀ ਫ਼ੈਸਲਾ ਕੀਤਾ ਕਿ ਉਹ ਮਦੀਨਾ ਤੋਂ ਚਲ੍ਹੇ ਜਾਣ। ਇਹ ਉਨ੍ਹਾਂ ਦੇ ਜੁਰਮ ਦੇ ਮੁਕਾਬਲੇ'ਤੇ ਬਹੁਤ ਨਰਮ ਫ਼ੈਸਲਾ ਸੀ। ਜਿਸ'ਚ ਆਪਣੀ ਰਾਖੀ ਦਾ ਪਹਿਲੂ ਵੀ ਨਜ਼ਰ'ਚ ਸੀ। ਬਨੂ ਕੇਨਕਆ ਬਹੁਤ ਆਰਾਮ ਨਾਲ ਸ਼ਾਮ ਵੱਲ੍ਹ ਚਲ੍ਹੇ ਗਏ।

ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੋ ਓਹਦ'ਚ ਸ਼ਹੀਦ ਹੋਏ ਸਨ। ਇਸ ਦੀ ਖ਼ਬਰ ਆਂਹਜ਼ਰਤ ਸਲਲਾਹੋ ਅਲੈਹਿ ਵਸਲੱਮ ਨੂੰ ਪਹਿਲਾਂ ਹੀ ਸੁਪਨੇ ਰਾਹੀਂ ਦੇ ਦਿੱਤੀ ਗਈ ਸੀ। ਸੋ ਆਂਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਨੇ ਵੇਖਿਆ ਕਿ ਆਪ ਸੱਲਲਾਹੋ ਅਲੈਹਿ ਵਸਲੱਮ ਇੱਕ ਭੇਡੂ ਦਾ ਪਿੱਛਾ ਕਰ ਰਹੇ ਹਨ ਅਤੇ ਉਸ ਨੂੰ ਕਤਲ ਕਰ ਰਹੇ ਹਨ। ਇੰਝ ਹੀ ਵੇਖਿਆ ਕਿ ਆਪ ਸੱਲਲਾਹੋ ਅਲੈਹਿ ਵਸਲੱਮ ਦੀ ਤਲਵਾਰ ਦਾ ਸਿਰਾ ਟੁੱਟ ਗਿਆ ਹੈ। ਇਸ ਦੇ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਇਹ ਅਰਥ ਕੱਢੇ ਕਿ ਭੇਡੂ ਨੂੰ ਕਤਲ ਕਰਨ ਦਾ ਇਹ ਅਰਥ ਹੈ ਕਿ ਮੈਂ ਦੁਸ਼ਮਨ ਦੇ ਸਰਦਾਰ ਨੂੰ ਕਤਲ ਕਰਾਂਗਾ। ਜਦੱਕਿ ਤਲਵਾਰ ਦਾ ਸਿਰਾ ਟੁੱਟਣ ਦਾ ਇਹ ਅਰਥ ਹੈ ਕਿ ਇਸ ਜੰਗ'ਚ ਮੇਰੇ ਪਰਿਵਾਰ ਦਾ ਕੋਈ ਬਹੁਤ ਕਰੀਬੀ ਸ਼ਹੀਦ ਹੋਵੇਗਾ। ਸੋ ਇਸ ਜੰਗ'ਚ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੋ ਨੂੰ ਸ਼ਹੀਦ ਕਰ'ਤਾ ਗਿਆ ਅਤੇ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਨੇ ਤਲਹਾ ਨੂੰ ਜੋ ਦਵੈਤਵਾਦੀਆਂ ਦਾ ਸਰਦਾਰ ਸੀ ਕਤਲ ਕਰ'ਤਾ

ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੋ ਦਾ ਸ਼ਹੀਦੀ ਪਿੱਛੋਂ ਮੁਸਲਾ ਵੀ ਕੀਤਾ ਗਿਆ। ਆਪ ਰਜ਼ੀ ਅੱਲਾਹ ਅੰਨਹੋ ਦੀ ਸ਼ਕਲ ਵਿਗਾੜ੍ਹ'ਤੀ। ਨੱਕ ਕੰਨ ਵੱਡ'ਤੇ। ਟਿੱਡ ਪਾੜ੍ਹ'ਤਾ। ਜਦੋਂ ਆਂਹਜ਼ਰਤ ਸੱਲਲਾਹੋ

ਅਲੈਹਿ ਵਸਲੱਮ ਨੇ ਆਪ ਰਜ਼ੀ ਅੱਲਾਹ ਅੰਨਹੋ ਦੀ ਇਹ ਹਾਲਤ ਵੇਖੀ ਤਾਂ ਆਪ ਸੱਲਲਾਹੋ ਅਲੈਹਿ ਵਸਲੱਮ ਨੂੰ ਅਥਾਹ ਦਰਦ ਹੋਇਆ। ਇੱਕ ਰਵਾਯਤ ਅਨੁਸਾਰ ਆਂਹਜ਼ੂਰ ਸੱਲਲਾਹੋ ਅਲੇਹਿ ਵਸਲੱਮ ਨੇ ਫ਼ਰਮਾਇਆ ਕਿ ਮੈਂ ਕੁਰੈਸ਼ ਦੇ ਤੀਹ ਜਦੱਕਿ ਇੱਕ ਰਵਾਯਤ ਅਨੁਸਾਰ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਸੌਂ ਖਾਦੀ ਕਿ ਇਨ੍ਹਾਂ ਦੇ ਸੱਤਰ ਬੰਦੀਆਂ ਦਾ ਮੁਸਲਾ ਕਰਾਂਗਾ। ਜਿਸ'ਤੇ ਇਹ ਆਇਤ ਉਤਰੀ ਕਿ ਅਤੇ ਜੇਕਰ ਤੁਸੀਂ ਸਜ਼ਾ ਦੇ ਤਾਂ ਉਨ੍ਹੀਂ ਹੀ ਜਿਨ੍ਹਾਂ ਤੁਹਾਡੇ ਤੇ ਜ਼ੁਲਮ ਕੀਤਾ ਗਿਆ ਅਤੇ ਜੇਕਰ ਤੁਸੀਂ ਸਬਰ ਕਰੋ ਤਾਂ ਯਕੀਨੀ ਤੌਰ'ਤੇ ਇਹ ਸਰਵੋਤਮ ਹੈ। ਇਸ'ਤੇ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਸਬਰ ਕਰਾਂਗੇ ਅਤੇ ਆਪਣੀ ਕਸਮ ਦਾ ਕਫ਼ਾਰਾ ਦਿੱਤਾ।

ਹਜ਼ੂਰ ਅਨਵਰ ਨੇ ਹਜ਼ਰਤ ਖ਼ਲੀਫ਼ਾਤੁਲੱ ਮਸੀਹ ਅੱਰਾਬੇ ਰਹਿਮਾਹੁੱਲਾਹ ਦੇ ਹਵਾਲੇ ਨਾਲ ਹਜ਼ਰਤ ਹਮਜ਼ਾ ਦੇ ਨੋਹਾ ਕੀਤੇ ਜਾਣ ਅਤੇ ਉਸ'ਤੋਂ ਰੋਕਣ ਦਾ ਕਿੱਸਾ ਬਿਆਨ ਕੀਤਾ। ਅਨਸਾਰ ਔਰਤਾਂ ਜਦੋਂ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਕੋਲ੍ਹ ਹਜ਼ਰਤ ਹਮਜ਼ਾ ਦਾ ਨੋਹਾ ਕੀਤਾ। ਤਾਂ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਨੋਹਾ ਕਰਨ ਤੋਂ ਮੰਨਾ ਕਰ'ਤਾ।

ਖ਼ੁਤਬੇ ਦੇ ਅੰਤ'ਚ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਦੋ ਦਿਨ ਬਾਦ ਨਵਾਂ ਸਾਲ ਵੀ ਸ਼ੁਰੂ ਹੋ ਰਿਹਾ ਹੈ। ਦੁਆਵਾਂ ਕਰੋ ਰੱਬ ਨਵੇਂ ਸਾਲ'ਚ ਸਾਨੂੰ ਬਰਕਤਾਂ ਨਾਲ ਨਵਾਜ਼ੇ। ਜਮਾਅਤ ਲਈ ਵੀ ਇਹ ਨਵਾਂ ਸਾਲ ਹਰ ਤਰ੍ਹਾਂ ਨਾਲ ਬਰਕਤਾਂ ਵਾਲਾ ਹੋਵੇ। ਦੁਸ਼ਮਨਾਂ ਦੇ ਸਾਰੇ ਕੰਮ ਖਾਕ'ਚ ਮਿਲਾ ਦੇਵੇ ਅਤੇ ਦੁਨੀਆਂ'ਚ ਫ਼ੈਲੀ ਹੋਈ ਜਮਾਅਤਾਂ ਨੂੰ ਰੱਬ ਪਹਿਲੇ ਨਾਲੋਂ ਵੱਧ ਕੇ ਆਪਣੇ ਉਦੇਸ਼ ਦੀ ਪੂਰਤੀ ਦੀ ਤੌਫ਼ੀਕ ਬਖ਼ਸ਼ੇ। ਇੰਝ ਹੀ ਦੁਨੀਆ ਨੂੰ ਰੱਬ ਜੰਗ'ਤੋਂ ਬਚਾਵੇ। ਹਾਲਾਤ ਖ਼ਤਰਨਾਕ ਹੋ ਰਹੇ ਹਨ ਅਤੇ ਤਬਾਹੀ ਮੂੰਹ'ਤੇ ਖੜ੍ਹੀ ਹੈ। ਕੁੱਝ ਪਤਾ ਨਹੀਂ ਹਰ ਇੱਕ ਆਪਣੇ ਲਾਭ ਚਾਹੁੰਦਾ ਹੈ। ਰੱਬ ਹੀ ਰਹਿਮ ਕਰੇ ਅਤੇ ਆਪਣੇ ਮਜ਼ਲੂਮ ਭਰਾਵਾਂ ਲਈ ਵੀ ਦੁਆ ਕਰੋ ਕਿ ਰੱਬ ਨਵੇਂ ਸਾਲ'ਚ ਹਰ ਪ੍ਰਕਾਰ ਦੇ ਜ਼ੁਲਮ ਅਤੇ ਸਖਤੀ ਤੋਂ ਜਮਾਅਤ ਨੂੰ ਬਚਾਵੇ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔